# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ **04.01.2021**
# ਦੀ ਕਾਰਵਾਈ

(ਮਤਾ ਨੰ: **340-359**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 4.1.2021 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................ ਮੈਂਬਰ
4. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
4.1.2021

ਮਤਾ ਨੰ: 340
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 14.12.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.12.2020 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੋਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ :

- ਮਿਤੀ 14.12.2020 ਦੀ ਮੱਦ ਨੰਬਰ 325 ਜਿਹੜੀ ਲੰਬਿਤ ਰੱਖੀ ਗਈ ਸੀ ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਅਜੰਸੀ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਸ ਕੰਮ ਨੂੰ 5% ਸੇਵਿੰਗ ਤੇ ਕਰਨ ਲਈ ਸਹਿਮਤੀ ਦਿੱਤੀ ਹੈ । ਕਮੇਟੀ ਵਲੋਂ 5% ਸੇਵਿੰਗ ਤੇ ਇਹ ਕੰਮ ਕਰਵਾਉਣ ਲਈ ਇਸ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।
- ਮਿਤੀ 14.12.2020 ਦੀ ਮੱਦ ਨੰਬਰ 326 ਜਿਹੜੀ ਲੰਬਿਤ ਰੱਖੀ ਗਈ ਸੀ ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਅਜੰਸੀ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਸ ਕੰਮ ਨੂੰ 4% ਸੇਵਿੰਗ ਤੇ ਕਰਨ ਲਈ ਸਹਿਮਤੀ ਦਿੱਤੀ ਹੈ । ਕਮੇਟੀ ਵਲੋਂ 4% ਸੇਵਿੰਗ ਤੇ ਇਹ ਕੰਮ ਕਰਵਾਉਣ ਲਈ ਇਸ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
4.1.2021

ਮਤਾ ਨੰ: 341

ਵਿਸ਼ਾ:- ਵਿਕਾਸ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ ।

ਪੜ੍ਹਿਆ ਦਫਤਰੀ ਨੋਟ ਟੈਂਡਰ ਸੈਲ, ਬੀ.ਐਂਡ ਆਰ. ਜਿਸ ਦੀ ਸਿਫਾਰਸ਼ ਕਾਰਜਕਾਰੀ ਇੰਜੀਨੀਅਰ ਨੇ ਕੀਤੀ ਹੈ ਕਿ ਹੇਠ ਦਰਸਾਏ ਕੰਮਾਂ ਦੇ ਤਖ਼ਮੀਨਿਆਂ ਨੂੰ ਮਾਨਯੋਗ ਮੇਅਰ ਜੀ ਵਲੋਂ ਮਿਤੀ 10.9.2020 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਗਈ ਸੀ ਅਤੇ ਹਾਊਸ ਵਲੋਂ ਆਪਣੇ ਮਤਾ ਨੰ: 105 ਮਿਤੀ 1.12.2020 ਰਾਹੀਂ ਅੰਤਮ ਪ੍ਰਵਾਨਗੀ ਦਿੱਤੀ ਗਈ ਸੀ। ਇਹਨਾਂ ਕੰਮਾਂ ਦੇ ਟੈਂਡਰ ਪ੍ਰਾਪਤ ਹੋ ਚੁੱਕੇ ਹਨ । ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ), ਨਿਗਰਾਨ ਇੰਜੀਨਿਅਰ (ਬੀ ਐਂਡ ਆਰ), ਸੰਯੁਕਤ ਕਮਿਸ਼ਨਰ (ਸ਼) ਅਤੇ ਕਮਿਸ਼ਨਰ ਜੀ ਨੇ ਇਹਨਾਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹਨ:

| S. No. | W. No | Name of Work | Est. Amt. Rs. in Lac | Saving % | Tender Amt. | Agency | Tender Called No. of Times | Tender Received |
|---|---|---|---|---|---|---|---|---|
| 1 | 65 | Annual maintenance of streets, drains and parks. | 10.00 | 20.41 | 7.96 | The Tej Mohan Nagar Co.op L/C Society | 1st | 4 |
| 2 | 40 | Annual maintenance of streets, drains and parks. | 10.00 | 15.51 | 8.45 | The Tej Mohan Nagar Co.op L/C Society | 1st | 5 |
| 3 | 8 | Annual maintenance of streets, drains and parks. | 10.00 | 21.91 | 7.81 | The Kotli Jattan Co.op L/C Society | 1st | 4 |
| 4 | 80 | Annual maintenance of streets, drains and parks. | 10.00 | 11.65 | 8.84 | The Dashmesh Co.op L/C Society | 1st | 3 |

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 342

ਵਿਸ਼ਾ: P/L BM & SDBC on road near Aman Nagar Surranusi. Ward No. 80 (ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ-2) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 10.64 ਲੱਖ ਟੈਂਡਰ ਅਮਾਉਂਟ ਰੁ: 11.92 ਲੱਖ ਸੇਵਿੰਗ: + 12.00%

ਫਰਮ ਦਾ ਨਾਂ:- ਰਾਜੀਵ ਕੁਮਾਰ ਅਗਰਵਾਲ

ਟੈਂਡਰ ਕਾਲ ਕੀਤੇ:- ਤੀਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 30.6.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 23.12.2020 ਰਾਹੀਂ ਲਿਖਿਆ ਹੈ ਕਿ ਸਬੰਧਤ ਅਜੰਸੀ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਅਜੰਸੀ ਨੇ ਇਹ ਕੰਮ **0.50%** ਦੀ ਸੇਵਿੰਗ ਲਈ ਸਹਿਮਤੀ ਪ੍ਰਗਟਾਈ ਹੈ, ਇਸ ਲਈ ਇਹ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 23.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 343

ਵਿਸ਼ਾ: 25mm thick SDBC on road near Chandan Nagar RUB. Ward No. 66 (ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ-2) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 14.04 ਲੱਖ ਟੈਂਡਰ ਅਮਾਊਂਟ ਰੁ: 16.35 ਲੱਖ ਸੇਵਿੰਗ: + 12.00%
ਫਰਮ ਦਾ ਨਾਂ:- ਰਾਜੀਵ ਕੁਮਾਰ ਅਗਰਵਾਲ
ਟੈਂਡਰ ਕਾਲ ਕੀਤੇ:- ਤੀਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 30.6.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 23.12.2020 ਰਾਹੀਂ ਲਿਖਿਆ ਹੈ ਕਿ ਸਬੰਧਤ ਅਜੰਸੀ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਅਜੰਸੀ ਨੇ ਇਹ ਕੰਮ **0.50%** ਦੀ ਸੇਵਿੰਗ ਲਈ ਸਹਿਮਤੀ ਪ੍ਰਗਟਾਈ ਹੈ, ਇਸ ਲਈ ਇਹ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 23.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
4.1.2021

ਮਤਾ ਨੰ: 344

ਵਿਸ਼ਾ:- ਹਰੀ ਸਿੰਘ ਨਗਰ ਵਾਰਡ ਨੰ: 63 ਵਿਖੇ 10" ਸੀਵਰ ਲਾਈਨ ਦੀ ਸਾਈਟ ਬਦਲ ਕੇ ਗਲੋਬ ਕਲੋਨੀ ਛੋਟਾ ਸਈਪੁਰ ਕਰਨ ਬਾਰੇ।

ਉਪਰੋਕਤ ਵਿਸ਼ੇ ਅਧੀਨ ਵਾਰਡ ਨੰ: 63 ਦੇ ਇਲਾਕਾ ਹਰੀ ਸਿੰਘ ਨਗਰ ਵਿਖੇ 10" ਸੀਵਰ ਦੀ 250 ਫੁੱਟ ਲਾਈਨ ਪਾਉਣ ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦੇ ਹਿਸਾਬ ਨਾਲ ਲਗਭਗ ਇਲਾਕੇ ਦੀ ਅੱਧੀ ਗਲੀ ਵਿੱਚ ਨਵਾਂ ਸੀਵਰ ਪਾਉਣਾ ਸੀ। ਪਰੰਤੂ ਇਲਾਕਾ ਨਿਵਾਸਿਆਂ ਅਤੇ ਇਲਾਕਾ ਕੌਂਸਲਰ ਵੱਲੋਂ ਬੇਨਤੀ ਪੱਤਰ ਦੇ ਕੇ ਇਸ ਸੀਵਰ ਦਾ ਤਖਮੀਨਾ 400 ਫੁੱਟ ਕਰਨ ਦੀ ਮੰਗ ਕੀਤੀ ਗਈ ਅਤੇ ਮਾਨਯੋਗ ਐਮ.ਐਲ.ਏ ਸਾਹਿਬ ਨਾਲ ਸਲਾਹ ਕਰਨ ਤੇ ਇਸ ਗੱਲ ਉਤੇ ਸਹਿਮਤੀ ਪ੍ਰਗਟ ਕੀਤੀ ਗਈ। ਇਸ ਕੰਮ ਦਾ ਵਰਕ ਆਰਡਰ ਨੰ: ਸੀ.ਈ/231 ਮੈਸਰਜ ਦੀ ਗੁਰੂ ਨਾਨਕ ਲੇਬਰ ਐਂਡ ਕਨਸਟਰਕਸ਼ਨ ਕੋ ਆਪ ਐਲ ਸੀ ਸੁਸਾਇਟੀ ਠੇਕੇਦਾਰ ਜਲੰਧਰ ਨੂੰ ਕੰਮ ਜਾਰੀ ਹੈ।

ਹੁਣ ਇਲਾਕਾ ਕੌਂਸਲਰ ਵੱਲੋਂ ਆਪਣੇ ਪੱਤਰ ਰਾਹੀ ਲਿਖਿਆ ਹੈ ਕਿ ਇਸ ਕੰਮ ਦੀ ਸਾਈਟ ਬਦਲ ਕੇ ਗਲੋਬ ਕਲੋਨੀ ਛੋਟਾ ਸਈਪੁਰ ਕਰ ਦਿੱਤੀ ਜਾਵੇ। ਇਸ ਜਗਾ ਤੇ ਨਵੀਂ ਸੜਕ ਦਾ ਨਿਰਮਾਨ ਹੋਣ ਤੋਂ ਪਹਿਲਾਂ ਅਤੇ ਪਹਿਲ ਦੇ ਅਧਾਰ ਤੇ ਇਸ ਕੰਮ ਦੀ ਸਾਈਟ ਬਦਲ ਕੇ ਜਲਦੀ ਤੋਂ ਜਲਦੀ ਕੰਮ ਕਰਵਾਇਆ ਜਾਵੇ। ਉਪਰੋਕਤ ਵਿਸ਼ੇ ਅਧੀਨ ਇਹ ਪੱਤਰ F&CC ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਤਜ਼ਵੀਜ਼ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 9.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਸੰਯੁਕਤ ਕਮਿਸ਼ਨਰ (ਈ) ਨੇ ਮਿਤੀ 9.12.2020 ਅਤੇ ਕਮਿਸ਼ਨਰ ਜੀ ਨੇ ਮਿਤੀ 14.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.12.2020 ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 345

ਵਿਸ਼ਾ:- ਲੇਇੰਗ ਆਫ ਸੀਵਰ ਲਾਇਨ ਇਨ ਡਿਫਰੈਂਟ ਏਰੀਆ ਆਫ ਵਾਰਡ ਨੰ: 10 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 5,09,015/- ਰਿਵਾਇਜ਼ ਤਖਮੀਨਾ ਰੁਪਏ 8,71,009/- (ਨਵੇ ਸੀ.ਐਸ.ਆਰ ਅਨੁਸਾਰ)
ਕੁੱਲ ਪ੍ਰਾਪਤ ਵੈਲਿਡ ਟੈਂਡਰ 4 (ਪਹਿਲੀ ਬਾਰੀ)
ਟੈਂਡਰ ਅਮਾਉਂਟ ਰੁਪਏ: 8,66,653/- ਸੇਵਿੰਗ 0.50%
ਅਜੰਸੀ ਦਾ ਨਾਮ:- ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਨੰ: 10 ਦੇ ਵੱਖ-ਵੱਖ ਇਲਾਕਿਆਂ ਵਿੱਚ ਸੀਵਰੇਜ਼ ਨਾ ਹੋਣ ਕਾਰਨ ਇਸ ਇਲਾਕੇ ਵਿੱਚ ਸੀਵਰ ਲਾਇਨ ਦੀ ਬਹੁਤ ਸਮੱਸਿਆ ਆ ਰਹੀ ਹੈ। ਇਲਾਕਾ ਨਿਵਾਸੀਆਂ ਨੂੰ ਸੀਵਰ ਦੀ ਸੁਵਿਧਾ ਦੇਣ ਲਈ ਨਵਾ ਸੀਵਰ ਲਾਇਨ ਪਾਉਣ ਵਾਸਤੇ ਤਖਮੀਨਾ ਰੁਪਏ 5,09,015/- ਦਾ ਤਿਆਰ ਕੀਤਾ ਗਿਆ ਸੀ, ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 101(12) ਮਿਤੀ 29.11.19 ਰਾਹੀਂ ਦਿੱਤੀ। ਇਥੇ ਇਹ ਦੱਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 8,71,009/- ਦਾ ਤਿਆਰ ਕੀਤਾ ਗਿਆ, ਜੋ ਕਿ 25% ਵੇਰਿਏਸ਼ਨ ਤੋਂ ਵੱਧ ਸੀ, ਜਿਸ ਕਾਰਨ ਇਸ ਕੰਮ ਦੇ ਤਖਮੀਨੇ ਦੀ ਮੁੜ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 76(19) ਮਿਤੀ 01.12.2020 ਰਾਹੀਂ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋਂ ਮਿਤੀ 07.12.2020 ਰਾਹੀਂ ਮੰਗੇ ਗਏ, ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਰਿਵਾਇਜ਼ ਤਖਮੀਨਾ ਰੁਪਏ 8,71,009/- ਦੇ ਵਿਰੁੱਧ 0.50% ਦੀ ਸੇਵਿੰਗ ਨਾਲ ਰੁਪਏ 8,66,653/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ । ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 18.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਸੋਸਾਇਟੀ ਵਲੋਂ ਇਸ ਕੰਮ ਲਈ 3% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ । ਇਹ ਵੀ ਫੈਸਲਾ ਹੋਇਆ ਕਿ ਤਖ਼ਮੀਨਾ ਸੋਧਣ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 346

ਵਿਸ਼ਾ:- ਪ੍ਰੋਵਾਇਡਿੰਗ, ਲੇਇੰਗ ਐਂਡ ਜੁਆਈਂਟਿੰਗ ਆਫ ਸੀਵਰ ਲਾਇਨ ਐਂਡ ਰਿਪੇਅਰ ਆਫ ਮੈਨਹੋਲ ਇਨ ਅੰਬੇਦਕਰ ਨਗਰ। ਵਾਰਡ ਨੰ: 8 (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 3,20,375/- | |
| ਰਿਵਾਇਜ਼ ਤਖਮੀਨਾ | ਰੁਪਏ 5,91,703/- (ਨਵੇ ਸੀ.ਐਸ.ਆਰ ਅਨੁਸਾਰ) | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 3 (ਪਹਿਲੀ ਬਾਰੀ) | |
| ਟੈਂਡਰ ਅਮਾਉਂਟ | ਰੁਪਏ: 5,88,744/- | ਸੇਵਿੰਗ 0.50% |
| ਅਜੰਸੀ ਦਾ ਨਾਮ:- | ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਨੰ: 8 ਦੇ ਅੰਬੇਦਰ ਨਗਰ ਦੇ ਵੱਖ-ਵੱਖ ਇਲਾਕਿਆਂ ਵਿੱਚ ਸੀਵਰ ਲਾਇਨ ਦੀ ਬਲਾਕੇਜ਼ ਦੀਆਂ ਐਂਡ ਮੈਨਹੋਲ ਬਹੁਤ ਦੂਰ ਹੋਣ ਕਾਰਨ ਸੀਵਰ ਨੂੰ ਚਲਾਉਣ ਦੀ ਬਹੁਤ ਸਮਸਿਆ ਆ ਰਹੀ ਹੈ। ਇਲਾਕਾ ਨਿਵਾਸੀਆਂ ਨੂੰ ਸੀਵਰ ਦੀ ਸਮਸਿਆ ਤੋ ਨਿਜਾਤ ਦਿਵਾਉਣ ਲਈ ਤਖਮੀਨਾ ਰੁਪਏ 3,20,375/- ਦਾ ਤਿਆਰ ਕੀਤਾ ਗਿਆ ਸੀ, ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 97(19) ਮਿਤੀ 29.11.19 ਰਾਹੀਂ ਦਿੱਤੀ। ਇਥੇ ਇਹ ਦੱਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 5,91,703/- ਦਾ ਤਿਆਰ ਕੀਤਾ ਗਿਆ, ਜ਼ੋ ਕਿ 25% ਵੇਰਿਏਸ਼ਨ ਤੋਂ ਵੱਧ ਸੀ, ਜਿਸ ਕਾਰਨ ਇਸ ਕੰਮ ਦੇ ਤਖਮੀਨੇ ਦੀ ਮੁੜ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 76(16) ਮਿਤੀ 01.12.2020 ਰਾਹੀਂ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 07.12.2020 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਰਿਵਾਇਜ਼ ਤਖਮੀਨਾ ਰੁਪਏ 5,91,703/- ਦੇ ਵਿਰੁੱਧ 0.50% ਦੀ ਸੇਵਿੰਗ ਨਾਲ ਰੁਪਏ 5,88,744/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 18.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਸੋਸਾਇਟੀ ਵਲੋਂ ਇਸ ਕੰਮ ਲਈ 3% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ। ਇਹ ਵੀ ਫੈਸਲਾ ਹੋਇਆ ਕਿ ਤਖ਼ਮੀਨਾ ਸੋਧਣ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 347

ਵਿਸ਼ਾ:- ਲੇਇੰਗ ਆਫ ਸੀਵਰ ਲਾਇਨ ਇਨ ਨਿਊ ਦਸ਼ਮੇਸ਼ ਨਗਰ ਐਕਸਟੈਨਸ਼ਨ। ਵਾਰਡ ਨੰ: 9 (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 5,18,949/- | |
| ਰਿਵਾਇਜ਼ ਤਖਮੀਨਾ | ਰੁਪਏ 10,53,618/- (ਨਵੇ ਸੀ.ਐਸ.ਆਰ ਅਨੁਸਾਰ) | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 3 (ਪਹਿਲੀ ਬਾਰੀ) | |
| ਟੈਂਡਰ ਅਮਾਉਂਟ | ਰੁਪਏ: 10,48,350/- | ਸੇਵਿੰਗ 0.50% |
| ਅਜੰਸੀ ਦਾ ਨਾਮ:- | ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਨੰ: 9 ਦੇ ਨਿਊ ਦਸ਼ਮੇਸ਼ ਨਗਰ ਐਕਸਟੈਨਸ਼ਨ ਵਿੱਚ ਸੀਵਰ ਲਾਇਨ ਦੀ ਬਹੁਤ ਸਮੱਸਿਆ ਆ ਰਹੀ ਹੈ। ਇਲਾਕਾ ਨਿਵਾਸੀਆਂ ਨੂੰ ਸੀਵਰ ਦੀ ਸੁਵਿਧਾ ਦੇਣ ਲਈ ਸੀਵਰ ਲਾਇਨ ਅਤੇ ਮੇਨਹੋਲਾਂ ਨੂੰ ਰਿਪੇਅਰ ਕਰਨ ਵਾਸਤੇ ਤਖਮੀਨਾ ਰੁਪਏ 5,18,949/- ਦਾ ਤਿਆਰ ਕੀਤਾ ਗਿਆ ਸੀ, ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 101(7) ਮਿਤੀ 29.11.19 ਰਾਹੀਂ ਦਿੱਤੀ। ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 10,53,618/- ਦਾ ਤਿਆਰ ਕੀਤਾ ਗਿਆ, ਜ਼ੋ ਕਿ 25% ਵੇਰਿਏਸ਼ਨ ਤੋਂ ਵੱਧ ਸੀ, ਜਿਸ ਕਾਰਨ ਇਸ ਕੰਮ ਦੇ ਤਖਮੀਨੇ ਦੀ ਮੁੜ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 76(1) ਮਿਤੀ 01.12.2020 ਰਾਹੀਂ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋਂ ਮਿਤੀ 07.12.2020 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਰਿਵਾਇਜ਼ ਤਖਮੀਨਾ ਰੁਪਏ 10,53,618/- ਦੇ ਵਿਰੁੱਧ 0.50% ਦੀ ਸੇਵਿੰਗ ਨਾਲ ਰੁਪਏ 10,48,350/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 18.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਸੋਸਾਇਟੀ ਵਲੋਂ ਇਸ ਕੰਮ ਲਈ 3% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ । ਇਹ ਵੀ ਫੈਸਲਾ ਹੋਇਆ ਕਿ ਤਖ਼ਮੀਨਾ ਸੋਧਣ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 348

ਵਿਸ਼ਾ:- ਲੇਇੰਗ ਆਫ ਸੀਵਰ ਲਾਇਨ ਇਨ ਡਿਫਰੈਂਟ ਏਰੀਆ ਆਫ ਵਾਰਡ ਨੰ: 28 (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ | ਰੁਪਏ: 6,27,000/- |
| ਰਿਵਾਇਜ਼ ਤਖਮੀਨਾ | ਰੁਪਏ 10,80,737/- (ਨਵੇ ਸੀ.ਐਸ.ਆਰ ਅਨੁਸਾਰ) |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 3 (ਪਹਿਲੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 10,75,333/- ਸੇਵਿੰਗ 0.50% |
| ਅਜੰਸੀ ਦਾ ਨਾਮ:- | ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਨੰ: 28 ਦੇ ਵੱਖ-ਵੱਖ ਇਲਾਕੀਆਂ ਵਿੱਚ ਸੀਵਰੇਜ਼ ਨਾ ਹੋਣ ਕਾਰਨ ਇਸ ਇਲਾਕੇ ਵਿੱਚ ਸੀਵਰ ਲਾਇਨ ਦੀ ਬਹੁਤ ਸਮੱਸਿਆ ਆ ਰਹੀ ਹੈ। ਇਲਾਕਾ ਨਿਵਾਸੀਆਂ ਨੂੰ ਸੀਵਰ ਦੀ ਸੁਵਿਧਾ ਦੇਣ ਲਈ ਨਵਾ ਸੀਵਰ ਲਾਇਨ ਪਾਉਣ ਵਾਸਤੇ ਤਖਮੀਨਾ ਰੁਪਏ 6,27,000/- ਦਾ ਤਿਆਰ ਕੀਤਾ ਗਿਆ ਸੀ, ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 97(18) ਮਿਤੀ 29.11.19 ਰਾਹੀਂ ਦਿੱਤੀ। ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 10,80,737/- ਦਾ ਤਿਆਰ ਕੀਤਾ ਗਿਆ, ਜ਼ੋ ਕਿ 25% ਵੇਰਿਏਸ਼ਨ ਤੋਂ ਵੱਧ ਸੀ, ਜਿਸ ਕਾਰਨ ਇਸ ਕੰਮ ਦੇ ਤਖਮੀਨੇ ਦੀ ਮੁੜ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 76(4) ਮਿਤੀ 01.12.2020 ਰਾਹੀਂ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 07.12.2020 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਰਿਵਾਇਜ਼ ਤਖਮੀਨਾ ਰੁਪਏ 10,80,737/- ਦੇ ਵਿਰੁੱਧ 0.50% ਦੀ ਸੇਵਿੰਗ ਨਾਲ ਰੁਪਏ 10,75,333/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 18.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਸੋਸਾਇਟੀ ਵਲੋਂ ਇਸ ਕੰਮ ਲਈ 3% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ । ਇਹ ਵੀ ਫੈਸਲਾ ਹੋਇਆ ਕਿ ਤਖ਼ਮੀਨਾ ਸੋਧਣ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 349

ਵਿਸ਼ਾ:- ਲੇਇੰਗ ਆਫ ਸਟਾਰਮ ਸੀਵਰ ਲਾਇਨ ਬੈਕਸਾਇਡ ਪਾਸਪੋਰਟ ਆਫਿਸ ਲਾਜਪਤ ਨਗਰ ਨੀਅਰ ਨਕੋਦਰ ਚੌਂਕ। ਵਾਰਡ ਨੰ: 20 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 14,18,000/- | |
| ਰਿਵਾਇਜ਼ ਤਖਮੀਨਾ | ਰੁਪਏ 20,68,329/- (ਨਵੇ ਸੀ.ਐਸ.ਆਰ ਅਨੁਸਾਰ) | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 3 (ਪਹਿਲੀ ਬਾਰੀ) | |
| ਟੈਂਡਰ ਅਮਾਉਂਟ | ਰੁਪਏ: 20,57,987/- | ਸੇਵਿੰਗ 0.50% |
| ਅਜੰਸੀ ਦਾ ਨਾਮ:- | ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਨੰ: 20 ਅਧੀਨ ਪੈਂਦੇ ਬੈਕਸਾਇਡ ਪਾਸਪੋਰਟ ਆਫਿਸ ਲਾਜਪਤ ਨਗਰ ਨੀਅਰ ਨਕੋਦਰ ਚੌਂਕ ਵਾਲੀ ਸੜਕ ਤੇ ਬਰਸਾਤਾ ਦੇ ਦਿਨਾਂ ਵਿੱਚ ਕਾਫੀ ਪਾਣੀ ਇੱਕਠਾ ਹੋ ਜਾਂਦਾ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਨਾ ਕਰਨਾ ਪੈਂਦਾ ਹੈ। ਇਸ ਲਈ ਲੋਕਾਂ ਨੂੰ ਇਸ ਸਮੱਸਿਆ ਤੋ ਜਲਦੀ ਤੋ ਜਲਦੀ ਨਿਯਾਤ ਦੇਣ ਲਈ ਤਖਮੀਨਾ ਰੁਪਏ 14,18,000/- ਦਾ ਤਿਆਰ ਕੀਤਾ ਗਿਆ ਸੀ। ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 101(26) ਮਿਤੀ 29.11.19 ਰਾਹੀਂ ਦਿੱਤੀ। ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 20,68,329/- ਦਾ ਤਿਆਰ ਕੀਤਾ ਗਿਆ, ਜ਼ੋ ਕਿ 25% ਵੇਰਿਏਸ਼ਨ ਤੋਂ ਵੱਧ ਸੀ, ਜਿਸ ਕਾਰਨ ਇਸ ਕੰਮ ਦੇ ਤਖਮੀਨੇ ਦੀ ਮੁੜ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 76(10) ਮਿਤੀ 01.12.2020 ਰਾਹੀਂ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 07.12.2020 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਰਿਵਾਇਜ਼ ਤਖਮੀਨਾ ਰੁਪਏ 20,68,329/- ਦੇ ਵਿਰੁੱਧ 0.50% ਦੀ ਸੇਵਿੰਗ ਨਾਲ ਰੁਪਏ 20,57,987/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 17.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਸੋਸਾਇਟੀ ਵਲੋਂ ਇਸ ਕੰਮ ਲਈ 3% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ । ਇਹ ਵੀ ਫੈਸਲਾ ਹੋਇਆ ਕਿ ਤਖ਼ਮੀਨਾ ਸੋਧਣ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 350

ਵਿਸ਼ਾ:- ਬਸਤੀ ਦਾਨਿਸ਼ਮੰਦਾ ਨੇੜੇ ਕੜੀ ਵਾਲਾ ਚੌਂਕ ਵਿੱਚ ਟੈਂਪਰੇਰੀ ਡਿਸਪੋਜਲ ਬਣਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 10,32,472/- | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 1 (ਦੂਸਰੀ ਬਾਰੀ) | |
| ਟੈਂਡਰ ਅਮਾਊਂਟ | ਰੁਪਏ: 9,79,919/- | ਸੇਵਿੰਗ 5.09% |
| ਅਜੰਸੀ ਦਾ ਨਾਮ:- | ਮੈ: ਓਮ.ਐਂਟਰਪ੍ਰਾਈਸਿਜ਼ | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ (ਜਲੰਧਰ ਵੈਸਟ) ਜੀ ਵੱਲੋਂ ਅਪਣੇ ਪੱਤਰ ਰਾਹੀਂ ਸਿਫਾਰਿਸ਼ ਕੀਤੀ ਹੈ ਕਿ ਉਹਨਾ ਦੇ ਅਧੀਨ ਪੈਂਦੇ ਵਾਰਡ ਨੰ: 42 ਦੇ ਇਲਾਕਾ ਬਸਤੀ ਦਾਨਿਸ਼ਮੰਦਾ ਨੇੜੇ ਕੜੀ ਵਾਲਾ ਚੌਂਕ ਦੇ ਕੋਲ ਸੀਵਰੇਜ਼ ਦੀ ਕਾਫੀ ਸਮੇਂ ਤੋਂ ਸਮੱਸਿਆ ਆ ਰਹੀ ਹੈ, ਜਿਸ ਕਾਰਨ ਇਸ ਚੌਕ ਦੇ ਨਾਲ ਲਗਦੇ ਇਲਾਕੀਆਂ ਵਿੱਚ ਲੋਕਾ ਨੂੰ ਸੀਵਰੇਜ਼ ਸਬੰਧੀ ਸਮਸਿਆ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਇਸ ਲਈ ਲੋਕਾਂ ਨੂੰ ਸੀਵਰੇਜ਼ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਵਾਸਤੇ ਇਸ ਕੰਮ ਦਾ ਤਖਮੀਨਾ ਰੁਪਏ 10,32,472/- ਦਾ ਤਿਆਰ ਕੀਤਾ ਗਿਆ ਹੈ, ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 86(6) ਮਿਤੀ 01.12.2020 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਮਿਤੀ 19.10.2020 ਅਤੇ ਠੇਕੇਦਾਰਾ ਤੋ ਮਿਤੀ 30.10.2020 ਰਾਹੀਂ ਮੰਗੇ ਗਏ, ਪਰੰਤੂ ਸੁਸਾਈਟੀ/ਠੇਕੇਦਾਰ ਦਾ ਇਕ ਟੈਂਡਰ ਪ੍ਰਾਪਤ ਹੋਇਆ, ਪਰੰਤੂ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ 3 ਤੋ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਇਸ ਕੰਮ ਦੇ ਟੈਂਡਰ ਨੂੰ ਰਿ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਤੋ ਮਿਤੀ 18.11.2020 ਲਈ ਮੰਗੇ ਗਏ, ਪਰੰਤੂ ਕਿਸੇ ਵੀ ਸੁਸਾਈਟੀ ਵੱਲੋਂ ਹਿੱਸਾ ਨਹੀ ਲਿਆ ਗਿਆ। ਮੁੜ ਠੇਕੇਦਾਰਾਂ ਤੋ ਮਿਤੀ 07.12.2020 ਰਾਹੀਂ ਮੰਗੇ ਗਏ, ਕੇਵਲ ਇਕ ਟੈਂਡਰ ਪ੍ਰਾਪਤ ਹੋਇਆ, ਇਥੇ ਇਹ ਦਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/82/2018-2lg4/702 dt 01.04.2020 ਰਾਹੀਂ Amendment in SOP for execution of all types of Works ਵਿੱਚ ਸੋਧ ਕੀਤੀ ਗਈ, ਜਿਸ ਅਨੁਸਾਰ

"As per Point no 5.4 on Sr. no 5 on 2nd Attempt of Calling Tenders, the Financial bids shall be opened in case,even if, less than 3 valid Technical bids are again received" ਹੁਕਮ ਜਾਰੀ ਕੀਤੇ ਗਏ। ਇਹਨਾ ਹੁਕਮ ਅਨੁਸਾਰ ਇਸ ਕੰਮ ਦੇ ਟੈਂਡਰ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਨੂੰ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖੀਆ ਗਈਆ, ਜੋ ਕਿ ਤਕਨੀਕੀ ਮਿਆਰ ਪਖੋ ਪੂਰਾ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ। ਇਹ ਅਜੰਸੀ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 10,32,472/- ਦੇ ਵਿਰੁੱਧ 5.09% ਦੀ ਸੇਵਿੰਗ ਨਾਲ ਰੁਪਏ 9,79,919/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 17.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 23.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 351

ਵਿਸ਼ਾ:- ਡੀ-ਸਿਲਟਿੰਗ ਆਫ ਸੀਵਰ ਲਾਈਨ ਵਿਦ ਸੁਪਰ ਸਕਸ਼ਨ ਮਸ਼ੀਨ ਇਨ ਡਿਫਰੇਂਟ ਏਰੀਆ/ਵਾਰਡ ਫਾਲਿੰਗ ਇਨ ਜ਼ੋਨ ਨੰਬਰ 7 ਇੰਡਸਟਰੀਅਲ ਅਸਟੇਟ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

| | | |
|---|---|---|
| ਤਖਮੀਨਾਂ ਰੁਪਏ | 24,00,000/- | |
| ਟੈਂਡਰ ਅਮਾਊਂਟ ਰੁਪਏ | 19,68,000/- | ਸੇਵਿੰਗ 18% (ਸਟਾਰ ਰੇਟ) |
| ਅਜੰਸੀ ਦਾ ਨਾਮ: | M/s HP Co-op L/c Society, Malout | |

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 24,00,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 95(9) ਮਿਤੀ 29-11-2019 ਦਿੱਤੀ ਗਈ ਸੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਤੋਂ ਮਿਤੀ 09-08-2019 ਅਤੇ ਠੇਕੇਦਾਰਾਂ ਤੋਂ ਮਿਤੀ 16-08-2019 ਲਈ ਮੰਗੇ ਗਏ ਸਨ ਤੇ ਸਿਰਫ ਇੱਕ ਬਿਡ ਪ੍ਰਾਪਤ ਹੋਈ। ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਇਨ੍ਹਾਂ ਨੂੰ ਰੱਦ ਕਰਕੇ ਠੇਕੇਦਾਰਾਂ ਕੋਲੋਂ ਮਿਤੀ 30-08-2019 ਲਈ ਟੈਂਡਰ ਮੰਗੇ ਗਏ ਪਰੰਤੂ ਵਿਭਾਗ ਵਲੋਂ ਐਨ.ਆਈ.ਟੀ ਦੀ ਕੰਡੀਸ਼ਨ ਵਿੱਚ ਸੋਧ ਕਰਨ ਉਪਰੰਤ ਠੇਕੇਦਾਰਾਂ ਤੋਂ ਮਿਤੀ 18-09-2019 ਲਈ ਟੈਂਡਰ ਮੰਗੇ ਗਏ ਤੇ ਸਿਰਫ 2 ਟੈਂਡਰ ਪ੍ਰਾਪਤ ਹੋਏ। ਤਿੰਨ ਤੋਂ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਟੈਕਨੀਕਲ ਇਵੈਲੁਏਸ਼ਨ ਟੀਮ ਵਲੋਂ ਇਨ੍ਹਾਂ ਨੂੰ ਖੋਲਿਆਂ ਨਹੀਂ ਗਿਆ ਅਤੇ ਇਸ ਕੰਮ ਲਈ ਟੈਂਡਰ ਰੀ-ਕਾਲ ਕੀਤਾ ਗਿਆ।

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 24-10-2019 ਲਈ ਮੰਗੇ ਗਏ ਤੇ ਤਿੰਨ ਟੈਂਡਰ ਪ੍ਰਾਪਤ ਹੋਏ ਪਰੰਤੂ ਇਹ ਬਿਡਾਂ ਮਿਆਰ ਉਤੇ ਪੂਰੀਆ ਨਾ ਹੋਣ ਕਾਰਨ ਟੈਕਨੀਕਲ ਇਵੈਲੁਏਸ਼ਨ ਟੀਮ ਵਲੋਂ ਟੈਂਡਰ ਕੈਂਸਲ ਕਰਕੇ ਰੀ-ਕਾਲ ਕਰਨ ਲਈ ਕਿਹਾ ਗਿਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਕੋਲੋਂ ਮਿਤੀ 15-01-2020 ਰਾਹੀਂ ਮੰਗੇ ਗਏ, ਜਿਸ ਵਿੱਚ ਸਿਰਫ ਇੱਕ ਟੈਂਡਰ ਉਪਰੋਕਤ ਸੁਸਾਇਟੀ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ ਅਤੇ ਇਸ ਉਪਰੰਤ ਠੇਕੇਦਾਰ ਦੀ ਵਿੱਤੀ ਬਿਡ ਖੋਲੀ ਗਈ। ਠੇਕੇਦਾਰ ਵਲੋਂ ਟੈਂਡਰ ਵਿੱਚ 6.20% ਦੀ ਸੇਵਿੰਗ ਦਿੱਤੀ ਸੀ ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ ਅਨੁਸਾਰ ਇਸ ਅਜੰਸੀ ਨੂੰ 18% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਸੀ। ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਸੁਸਾਇਟੀ ਨੂੰ ਸਟਾਰ ਰੇਟ (18%ਸੇਵਿੰਗ) ਤੇ ਟੈਂਡਰ ਪ੍ਰਵਾਨ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 42 ਮਿਤੀ 13-02-2020 ਰਾਹੀਂ ਪ੍ਰਵਾਨ ਕੀਤਾ ਗਿਆ।

ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਇਸ ਦਫਤਰ ਵਲੋਂ ਪੱਤਰ ਨੰਬਰ ਸੀ.ਈ/ਏ.ਆਰ.ਸੀ/199 ਮਿਤੀ 02-03-2020 ਵਰਕ ਆਰਡਰ ਜਾਰੀ ਕੀਤਾ ਗਿਆ ਤੇ ਕੰਮ ਨੂੰ ਮਕੰਮਲ ਕਰਨ ਲਈ 9 ਮਹੀਨੇ ਦਾ ਸਮਾਂ ਦਿੱਤਾ ਗਿਆ। ਅਜੰਸੀ ਵਲੋਂ ਮੌਕੇ ਤੇ ਕੰਮ ਸ਼ੁਰੂ ਕਰਨ ਉਪਰੰਤ ਤਕਰੀਬਨ 97% ਕੰਮ ਕਰਨ ਉਪਰੰਤ ਆਪਣੇ ਪਹਿਲੇ ਅਤੇ ਦੂਸਰੇ ਚਲੱਤ ਬਿਲ ਦੀ ਅਦਾਇਗੀ ਲੈ ਲਈ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀ ਅਵਤਾਰ ਸਿੰਘ ਜੂਨੀਅਰ (ਹੈਨਰੀ) ਵਿਧਾਇਕ, ਜਲੰਧਰ ਨੋਰਥ ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਵੱਖ-ਵੱਖ ਇਲਾਕੇ ਜਿਵੇਂ ਕਿ ਹਰਦਿਆਲ ਨਗਰ, ਲੰਮਾ ਪਿੰਡ ਗੁਰਦੁਆਰਾ ਛੇਵੀਂ ਪਾਤਸ਼ਾਹੀ ਰੋਡ, ਗੋਰੇ ਵਾਲੀ ਪੱਤੀ, ਗਾਂਧੀ ਨਗਰ ਆਦਿ ਇਲਾਕਿਆਂ ਵਿੱਚ ਵੀ ਸੀਵਰੇਜ਼ ਦੀ ਕਾਫੀ ਜਿਆਦਾ ਸਮੱਸਿਆ ਹੈ, ਜਿਸ ਨਾਲ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਉਪਰੋਕਤ ਚੱਲ ਰਹੇ ਕੰਮ ਦੇ ਤਖਮੀਨੇ ਵਿਚੋਂ ਇਨ੍ਹਾਂ ਇਲਾਕਿਆਂ ਵਿੱਚ ਵੀ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਇਆ ਜਾਵੇ ਤਾਂ ਜ਼ੋ ਲੋਕਾਂ ਨੂੰ ਸੀਵਰੇਜ਼ ਸਬੰਧੀ ਆ ਰਹੀ ਸਮੱਸਿਆ ਤੋਂ ਨਿਜਾਤ ਮਿਲ ਸਕੇ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਸੀਵਰੇਜ਼ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ, ਇਸ ਲਈ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਅਨੁਸਾਰ ਉਪਰੋਕਤ ਇਲਾਕਿਆਂ ਵਿੱਚ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਕਰਵਾਉਣ ਲਈ ਵਿਸ਼ੇ ਅਧੀਨ ਕੰਮ ਦੇ ਪ੍ਰਵਾਨ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਦੇਣ ਲਈ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 10.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਤਜ਼ਵੀਜ਼ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 17.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 352

ਵਿਸ਼ਾ:- ਡੀ-ਸਿਲਟਿੰਗ ਆਫ 12" ਇੰਚ ਅਤੇ 16 ਇੰਚ ਜ਼ੋਨ ਨੰ: 6 ਦੇ 11 ਪਿੰਡਾਂ ਵਿੱਚ ਸੁਪਰਸਕਸ਼ਨ ਮਸ਼ੀਨ ਦੇ ਨਾਲ ਸੀਵਰ ਦੀ ਸਫਾਈ ਸਬੰਧੀ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 12,75,000/-
ਟੈਂਡਰ ਅਮਾਊਂਟ ਰੁਪਏ 11,21,235/- ਸੇਵਿੰਗ 12.06%
ਕੁੱਲ ਪ੍ਰਾਪਤ ਟੈਂਡਰ 2 (ਦੂਸਰੀ ਬਾਰੀ)
ਅਜੰਸੀ ਦਾ ਨਾਮ:- ਮੈਸਰਜ਼ ਰਾਏ ਕੰਸਟ੍ਰਕਸ਼ਨ ਕੰਪਨੀ
ਈ.ਪੀ.ਐਫ ਨੰ: LD JAL 1995573000 ESI 29000 64280 0000 999

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਜ਼ੋਨ ਨੰ: 6 ਵਿੱਚ ਪੈਂਦੇ ਨਵੇਂ 11 ਪਿੰਡ ਜੋ ਕਿ ਨਗਰ ਨਿਗਮ ਵਿੱਚ ਆਏ ਹਨ। ਇਥੇ ਇਹ ਦਸਣਯੋਗ ਹੈ ਕਿ ਇਹਨਾ ਪਿੰਡਾਂ ਵਿੱਚ ਸੀਵਰ ਅਕਸਰ ਬੰਦ ਰਹਿੰਦੇ ਹਨ ਕਿਉਂਕਿ ਇਹ ਸੀਵਰ ਗਾਰਾਂ ਨਾਲ ਭਰੇ ਹੋਏ ਹਨ। ਇਸ ਲਈ ਇਹਨਾ ਸੀਵਰ ਸਫਾਈ ਲਈ ਸੁਪਰ ਸਕਸ਼ਨ ਮਸ਼ੀਨ ਨਾਲ ਸਫਾਈ ਕਰਨ ਦਾ ਤਖਮੀਨਾ ਰੁਪਏ 12,75,000/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 88 ਮਿਤੀ 01.12.2020 ਰਾਹੀਂ ਦਿੱਤੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਮਿਤੀ 19.10.2020 ਰਾਹੀਂ ਮੰਗੇ ਗਏ ਕੁੱਲ 1 ਟੈਂਡਰ ਪ੍ਰਾਪਤ ਹੋਇਆ ਅਤੇ ਇਸ ਕੰਮ ਦੇ ਟੈਂਡਰ ਠੇਕੇਦਾਰਾਂ ਤੋ ਮਿਤੀ 30.10.2020 ਰਾਹੀਂ ਮੰਗੇ ਕੇਵਲ 2 ਟੈਂਡਰ ਪ੍ਰਾਪਤ ਹੋਏ, ਐਸ.ਓ.ਪੀ ਦੀ ਕੰਡੀਸ਼ਨ ਅਨੁਸਾਰ ਇਕ ਟੈਂਡਰ ਪ੍ਰਾਪਤ ਹੋਣ ਤੇ ਇਸ ਟੈਂਡਰ ਰੱਦ ਕਰਕੇ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ।

**ਦੂਸਰੀ ਬਾਰੀ** ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਤੋ ਮਿਤੀ 18.11.2020 ਲਈ ਮੰਗੇ ਗਏ ਅਤੇ ਠੇਕੇਦਾਰਾਂ ਤੋ ਮਿਤੀ 07.12.2020 ਰਾਹੀਂ ਮੰਗੇ ਗਏ, ਕੁੱਲ 2 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਮੈਸਰਜ਼ ਰਾਏ ਲੇਬਰ ਸੁਸਾਈਟੀ ਤਕਨੀਕੀ ਪੱਖੋ ਮਿਆਰ ਤੇ ਪੂਰੇ ਨਾ ਹੋਣ ਕਾਰਨ ਇਸ ਨੂੰ ਤਕਨੀਕੀ ਮਿਆਰ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ ਅਤੇ ਮੈਸਰਜ਼ ਰਾਏ ਕੰਸਟ੍ਰਕਸ਼ਨ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਜਿਸ ਵਿੱਚ ਅਜੰਸੀ ਵੱਲੋਂ ਰੁਪਏ 12,75,000/- ਦੇ ਵਿਰੁੱਧ 12.06% ਦੀ ਸੇਵਿੰਗ ਨਾਲ ਰੁਪਏ 11,21,235/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 17.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 25.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
4.1.2021

ਮਤਾ ਨੰ: 353

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਸੀਵਰੇਜ਼ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਨਾਲ ਸਬੰਧਤ ਸੀਵਰੇਜ਼ ਦੇ ਤਖਮੀਨੇ ਇਲਾਕਾ ਕੋਂਸਲਰ ਵੱਲੋਂ ਅਪਣੇ ਵੱਖ-ਵੱਖ ਪੱਤਰਾਂ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡਾਂ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮਸਿਆ ਆ ਰਹੀ ਹੈ, ਜਿਸ ਕਾਰਨ ਉਥੇ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਮਸਿਆ ਤੋ ਇਲਾਕਾ ਨਿਵਾਸੀਆਂ ਨੂੰ ਰਾਹਤ ਦੇਣ ਵਾਸਤੇ ਹੇਠ ਦਰਸ਼ਾਏ ਵਾਰਡਾਂ ਦੇ ਤਖਮੀਨਿਆਂ ਨੂੰ ਤਿਆਰ ਕੀਤਾ ਗਿਆ ਜਿਸ ਦੀ ਪ੍ਰਵਾਨਗੀ ਇਨ ਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਵੱਲੋਂ ਮਿਤੀ 20.10.2020 ਰਾਹੀਂ ਦਿੱਤੀ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 03.12.2020 ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਫਿਰ ਇਸ ਕੰਮ ਦੇ ਟੈਂਡਰ ਠੇਕੇਦਾਰਾਂ ਤੋ ਮਿਤੀ 14.12.2020 ਰਾਹੀਂ ਮੰਗੇ ਗਏ, ਸਿਰਫ 3-3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀਆਂ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਪ੍ਰਾਪਤ ਹੋਏ ਟੈਂਡਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | Ward No | Name of works | Tender Calling Amount | Name of Agency | Saving | Tender Amount | House Reso. | Attempt | No. of Bid Received |
|---|---|---|---|---|---|---|---|---|---|
| 1 | 62 | Providing and Laying of Sewer at Kot Baba deep Singh Nagar and Sodal Nagar. | 419575/- | M/s Dinesh Kumar Contractor | 2.25% | 410134/- | Anti 20.10.2020 | 1 | 3 |
| 2 | 62 | Replacement of Sewerline at New Gobind Nagar. | 407455/- | M/s Dinesh Kumar Contractor | 2.25% | 398287/- | Anti 20.10.2020 | 1 | 3 |

ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 12.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 21.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 24.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 354

ਵਿਸ਼ਾ:- ਪ੍ਰੋਵਾਇਡਿੰਗ ਐਂਡ ਇੰਸਟਾਲੇਸ਼ਨ ਆਫ 8" ਡਾਇਆ ਸੀਵਰ ਲਾਇਨ ਐਟ 120 ਫੁੱਟੀ ਰੋਡ। ਵਾਰਡ ਨੰ: 73 ਨਿਊ (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | | ਰੁਪਏ: 19,94,000/- | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | = | 3 (ਪਹਿਲੀ ਬਾਰੀ) | |
| ਟੈਂਡਰ ਅਮਾਉਂਟ | | ਰੁਪਏ: 19,84,030/- | ਸੇਵਿੰਗ 0.50% |
| ਅਜੰਸੀ ਦਾ ਨਾਮ:- | | ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਕੌਂਸਲਰ ਜੀ ਵੱਲੋਂ 120 ਫੁਟੀ ਰੋਡ ਤੇ ਯੂਕੋ ਬੈਂਕ ਤੋ ਲੈ ਕੇ ਬਾਬਾ ਬੁਡਾ ਜੀ ਪੁਲੀ ਤੱਕ ਸੀਵਰ ਦੀ ਕਾਫੀ ਸਮਸਿਆ ਹੈ, ਇਥੇ ਆਪ ਜੀ ਨੂੰ ਇਹ ਵੀ ਦਸਣਯੋਗ ਹੈ ਕਿ ਇਸ ਇਲਾਕੇ ਦਾ ਸੀਵਰ 120 ਫੁਟੀ ਰੋਡ ਤੇ ਪਏ 69" ਡਾਇਆ ਸੀਵਰ ਲਾਇਨ ਤੋ ਕਾਫੀ ਦੂਰ ਹੈ ਅਤੇ ਇਸ ਲੰਬੀ ਸੜਕ ਵਿੱਚ ਸਿਰਫ ਇਕ ਹੀ ਸੀਵਰ ਦਾ ਮੇਨ ਹੋਲ ਬਣਾਇਆ ਹੋਇਆ ਹੈ ਜਿਸ ਕਾਰਨ ਲੋਕਾ ਨੂੰ ਇਸ ਸਮਸਿਆ ਤੋ ਨਿਜਾਤ ਦਵਾਉਣ ਲਈ ਇਸ ਰੋਡ ਤੇ 8" ਦਾ ਸੀਵਰ ਪਾਉਣਾ ਅਤਿ ਜਰੂਰੀ ਹੈ, ਜਿਸ ਨੂੰ ਦਰੁਸਤ ਕਰਨ ਵਾਸਤੇ ਭਾਗ ਅਫਸਰ ਵੱਲੋਂ ਇਸ ਕੰਮ ਦਾ ਤਖਮੀਨਾ ਰੁਪਏ 19,94,000/- ਦਾ ਤਿਆਰ ਕੀਤਾ ਗਿਆ ਹੈ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 144(10) ਮਿਤੀ 24.12.19 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਮਿਤੀ 18.08.2020 ਰਾਹੀਂ ਮੰਗੇ ਗਏ, ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 19,94,000/- ਦੇ ਵਿਰੁੱਧ 0.50% ਦੀ ਸੇਵਿੰਗ ਨਾਲ ਰੁਪਏ 19,84,030/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 28.9.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ: 28.9.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 1.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.12.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਸੋਸਾਇਟੀ ਵਲੋਂ ਇਸ ਕੰਮ ਲਈ 3% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 355

ਵਿਸ਼ਾ:- ਉਤਮ ਸਿੰਘ ਨਗਰ ਵਿਖੇ ਹੈਡ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 38 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 12,31,599/- ਰਿਵਾਇਜ਼ ਤਖਮੀਨਾ ਰੁਪਏ 13,19,292/-(ਨਵੇ ਸੀ.ਐਸ.ਆਰ ਅਨੁਸਾਰ)
ਕੁੱਲ ਪ੍ਰਾਪਤ ਵੈਲਿਡ ਟੈਂਡਰ 3 (ਪਹਿਲੀ ਬਾਰੀ) (ਰੁਪਏ 1,00,000/- ਬਿਜਲੀ ਕੁਨੈਕਸ਼ਨ ਦੇ ਰਾਖਵੇ)
ਟੈਂਡਰ ਅਮਾਉਂਟ ਰੁਪਏ: 11,81,493/- ਸੇਵਿੰਗ 3.10%
ਅਜੰਸੀ ਦਾ ਨਾਮ:- ਮੈ: ਜੀ.ਕੇ ਕੋ-ਆਪ ਐਲ.ਸੀ ਸੁਸਾਇਟੀ ਲਿਮਟਿਡ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਕੋਂਸਲਰ ਵੱਲੋਂ ਉਹਨਾ ਦੇ ਅਧੀਨ ਪੈਂਦੇ ਇਲਾਕੇ **ਉਤਮ ਸਿੰਘ ਨਗਰ** ਵਿੱਚ ਪਾਣੀ ਦੀ ਸਪਲਾਈ ਬਹੁਤ ਘੱਟ ਹੈ, ਜਿਸ ਕਾਰਨ ਲੋਕਾਂ ਨੂੰ ਪਾਣੀ ਦੀ ਸਪਲਾਈ ਪੂਰੀ ਤਰ੍ਹਾ ਨਹੀ ਮਿਲ ਪਾ ਰਹੀ। ਇਸ ਲਈ ਇਲਾਕਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਪੂਰੀ ਤਰ੍ਹਾ ਦੇਣ ਵਾਸਤੇ ਇਸ ਕੰਮ ਦਾ ਤਖਮੀਨਾ ਰੁਪਏ 12,31,599/- ਦਾ ਤਿਆਰ ਕੀਤਾ ਗਿਆ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 101(6) ਮਿਤੀ 29.11.19 ਰਾਹੀਂ ਦਿੱਤੀ। ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 13,19,292/- ਦਾ ਤਿਆਰ ਕੀਤਾ ਗਿਆ, ਜ਼ੋ ਕਿ 10% ਵੇਰਿਏਸ਼ਨ ਵਿੱਚ ਆਉਂਦਾ ਸੀ, ਜਿਸ ਕਾਰਨ ਇਸ ਕੰਮ ਦੇ ਤਖਮੀਨ ਦੀ ਮੁੜ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 15.09.2020 ਰਾਹੀਂ ਲੈਣ ਉਪਰੰਤ ਇਸ ਕੰਮ ਦੇ ਟੈਂਡਰ ਮੰਗੇ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਸੁਸਾਈਟੀ ਤੋਂ ਮਿਤੀ 20.10.2020 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖੀਆਂ ਗਈਆਂ, ਘੋਖਣ ਉਪਰੰਤ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਇਹ ਅਜੰਸੀ ਵਿਸ਼ੇ ਅਧੀਨ ਕੰਮ ਰਿਵਾਇਜ਼ ਤਖਮੀਨਾ ਰੁਪਏ 12,19,292/- ਦੇ ਵਿਰੁੱਧ 3.10% ਦੀ ਸੇਵਿੰਗ ਨਾਲ ਰੁਪਏ 11,81,493/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 9.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਸੰਯੁਕਤ ਕਮਿਸ਼ਨਰ (ਈ) ਨੇ ਮਿਤੀ 9.12.2020 ਅਤੇ ਕਮਿਸ਼ਨਰ ਜੀ ਨੇ ਮਿਤੀ 14.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.12.2020 ਨਾਲ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਹੈ ।

ਟੈਂਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 356

ਵਿਸ਼ਾ:- ਜ਼ੋਨ ਨੰਬਰ 6 ਮਾਡਲ ਟਾਊਨ ਅਧੀਨ ਪੈਂਦੇ ਵਾਰਡਾਂ ਵਿੱਚ ਵੱਖ-ਵੱਖ ਸੀਵਰ ਲਾਈਨਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨ ਰਾਹੀਂ ਕਰਵਾਉਣ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਤਖਮੀਨਾਂ ਰੁਪਏ: 21,45,000/- ਟੈਂਡਰ ਅਮਾਉਂਟ ਰੁਪਏ :17,58,900/- ਸੇਵਿੰਗ 18%

ਅਜੰਸੀ ਦਾ ਨਾਮ: M/s Rai Construction 472-L Model Town, Jalandhar

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 21,45,000/- ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 17-07-2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਗਈ ਸੀ ਅਤੇ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 95(8) ਮਿਤੀ 29-11-2019 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ।ਇਸ ਕੰਮ ਵਾਸਤੇ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਕੋਲੋਂ ਮਿਤੀ 09-08-2019 ਅਤੇ ਠੇਕੇਦਾਰਾਂ ਤੋਂ ਮਿਤੀ 16-08-2019 ਰਾਹੀਂ ਮੰਗੇ ਗਏ ਤੇ 2 ਟੈਂਡਰ ਪ੍ਰਾਪਤ ਹੋਏ ਜ਼ੋ ਕਿ ਤਿੰਨ ਤੋਂ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਖੋਲੀਆਂ ਨਹੀਂ ਗਈਆਂ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 24-10-2019 ਲਈ ਮੰਗੇ ਗਏ ਤੇ 3 ਟੈਂਡਰ ਪ੍ਰਾਪਤ ਹੋਏ ਜ਼ੋ ਕਿ ਟੈਕਨੀਕਲ ਇਵੈਲੇਏਸ਼ਨ ਟੀਮ ਵਲੋਂ ਮਿਆਰ ਉਤੇ ਪੂਰੀਆਂ ਨਾ ਹੋਣ ਕਾਰਨ ਕੈਂਸਲ ਕਰਕੇ ਰੀ-ਕਾਲ ਕਰਨ ਲਈ ਕਿਹਾ ਗਿਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਰਾਹੀਂ ਸੁਸਾਇਟੀਆਂ ਕੋਲੋਂ ਮਿਤੀ 15-01-2020 ਰਾਹੀਂ ਮੰਗੇ ਗਏ ਤੇ ਸਿਰਫ 1 ਟੈਂਡਰ ਪ੍ਰਾਪਤ ਹੋਇਆ ਜ਼ੋ ਕਿ ਤਨਕਨੀਕੀ ਪਖੋਂ ਮਿਆਰ ਤੇ ਪੂਰਾ ਸੀ ਪਰੰਤੂ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਕਿਸੇ ਵੀ ਸੁਸਾਇਟੀ ਜਾਂ ਠੇਕੇਦਾਰ ਨੂੰ 2 ਤੋਂ ਜਿਆਦਾ ਜ਼ੋਨਾਂ ਦਾ ਕੰਮ ਅਲਾਟ ਨਹੀਂ ਕੀਤਾ ਜਾ ਸਕਦਾ, ਇਸ ਲਈ ਇਹ ਟੈਂਡਰ ਰੱਦ ਕਰਦੇ ਹੋਏ ਮਿਤੀ 27-01-2020 ਨੂੰ ਠੇਕੇਦਾਰਾਂ ਤੋਂ ਟੈਂਡਰ ਮੰਗੇ ਗਏ ਤੇ ਸਿਰਫ 1 ਟੈਂਡਰ ਮੈਸਰਜ ਰਾਏ ਕੰਨਸਟਰਕਸ਼ਨ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ, ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ, ਜਿਸ ਅਨੁਸਾਰ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ ਤੇ 15.30% ਦੀ ਸੇਵਿੰਗ ਪਾਈ ਗਈ ਸੀ। ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਠੇਕੇਦਾਰ ਨੂੰ ਸਟਾਰ ਰੇਟ (18% ਸੇਵਿੰਗ) ਤੇ ਟੈਂਡਰ ਪ੍ਰਵਾਨ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 42 ਮਿਤੀ 13-02-2020 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ।

ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਇਸ ਦਫਤਰ ਵਲੋਂ ਪੱਤਰ ਨੰਬਰ ਸੀ.ਈ/ਏ.ਆਰ.ਸੀ/198 ਮਿਤੀ 02-03-2020 ਰਾਹੀਂ ਵਰਕ ਆਰਡਰ ਜਾਰੀ ਕੀਤਾ ਗਿਆ ਤੇ ਕੰਮ ਕਰਨ ਲਈ 9 ਮਹੀਨੇ ਦਾ ਸਮਾਂ ਦਿੱਤਾ ਗਿਆ। ਅਜੰਸੀ ਵਲੋਂ ਮੌਕੇ ਤੇ ਕੰਮ ਸ਼ੁਰੂ ਕਰਕੇ ਅਤੇ ਤਕਰੀਬਨ 96% ਕੰਮ ਕਰਨ ਉਪਰੰਤ ਆਪਣੇ ਪਹਿਲੇ ਅਤੇ ਦੂਸਰੇ ਚਲੱਤ ਬਿਲ ਦੀ ਅਦਾਇਗੀ ਲੈ ਲਈ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀ ਪਰਗਟ ਸਿੰਘ, ਵਿਧਾਇਕ (ਹਲਕਾ ਕੈਂਟ) ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਵੱਖ-ਵੱਖ ਇਲਾਕੇ ਜਿਵੇਂ ਕਿ ਟਾਵਰ ਇਨਕਲੇਵ, ਈਸ਼ਵਰ ਕਲੋਨੀ, ਬਾਬਾ ਮਖਣ ਸ਼ਾਹ ਲੁਬਾਨਾ ਅਤੇ ਮਿਠਾਪੁਰ ਆਦਿ ਇਲਾਕਿਆਂ ਵਿੱਚ ਵੀ ਸੀਵਰੇਜ਼ ਦੀ ਕਾਫੀ ਜਿਆਦਾ ਸਮਸਿਆ ਹੈ। ਇਸ ਲਈ ਉਪਰੋਕਤ ਚੱਲ ਰਹੇ ਕੰਮ ਦੇ ਤਖਮੀਨੇ ਵਿਚੋਂ ਇਨ੍ਹਾਂ ਇਲਾਕਿਆਂ ਵਿੱਚ ਵੀ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਇਆ ਜਾਵੇ ਤਾਂ ਜ਼ੋ ਪਬਲਿਕ ਨੂੰ ਸੀਵਰੇਜ਼ ਸਬੰਧੀ ਆ ਰਹੀ ਸਮਸਿਆ ਤੋਂ ਨਿਜਾਤ ਮਿਲ ਸਕੇ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਸੀਵਰੇਜ਼ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ, ਇਸ ਲਈ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਅਨੁਸਾਰ ਉਪਰੋਕਤ ਇਲਾਕਿਆਂ ਵਿੱਚ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਕਰਵਾਉਣ ਲਈ ਵਿਸ਼ੇ ਅਧੀਨ ਕੰਮ ਦੇ ਪ੍ਰਵਾਨ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਦੇਣ ਲਈ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 5.11.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਤਜ਼ਵੀਜ਼ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 4.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਸੰਯੁਕਤ ਕਮਿਸ਼ਨਰ (ਈ) ਨੇ ਮਿਤੀ 9.12.2020 ਅਤੇ ਕਮਿਸ਼ਨਰ ਜੀ ਨੇ ਮਿਤੀ 14.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.12.2020 ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 357 ਤੋਂ 359 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 357

ਵਿਸ਼ਾ:- Estimate for Operation and Maintenance of 25 MLD STP (New) SBR Technology at Pholriwal for 5 years. ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 3,91,46,886/-
**ਵੈਟ ਅਮਾਉਂਟ ਰੁਪਏ 3,18,63,259/- (ਟੈਂਡਰ ਕਾਲ)**
ਟੈਂਡਰ ਅਮਾਉਂਟ ਰੁਪਏ 2,89,95,565/- ਸੇਵਿੰਗ 9%
ਕੁੱਲ ਪ੍ਰਾਪਤ ਟੈਂਡਰ 1 (ਦੂਸਰੀ ਬਾਰੀ)
ਅਜੰਸੀ ਦਾ ਨਾਮ:- Eco Chem Sales & Services (GSTN-NA)

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 316 ਮਿਤੀ 7.12.2020, ਉਪਰੋਕਤ ਵਿਸ਼ੇ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਫੋਲੜੀਵਾਲ ਵਿਖੇ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਜਲੰਧਰ ਵਲੋਂ 25 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਸਾਲ 2015 ਵਿੱਚ ਬਣਾ ਕੇ ਕਮਿਸ਼ਨ ਕੀਤਾ ਗਿਆ ਸੀ, ਜਿਸ ਦੇ ਇਕਰਾਰਨਾਮੇ ਵਿੱਚ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ 5 ਸਾਲਾਂ ਵਾਸਤੇ ਕੀਤਾ ਜਾਣਾ ਸੀ। ਇਹ ਪਲਾਂਟ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਜਲੰਧਰ ਮਿਤੀ 01.07.2016 ਨੂੰ ਨਗਰ ਨਿਗਮ ਨੂੰ ਹੈਂਡ ਓਵਰ ਕਰਨ ਦਿੱਤਾ ਗਿਆ ਸੀ। ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਕੰਮ ਦੀ ਮਿਆਦ 30 ਨਵੰਬਰ 2020 ਵਿੱਚ ਖਤਮ ਹੋ ਰਹੀ ਹੈ। ਸੀਵਰੇਜ਼ ਦੀ ਨਿਕਾਸੀ ਅਤੇ ਟ੍ਰੀਟਮੇਂਟ ਕਰਨ ਲਈ ਇਸ ਸੀਵਰੇਜ਼ ਟ੍ਰੀਟਮੇਂਟ ਪਲਾਂਟ ਨੂੰ ਨਿਰਵਿਘਣ ਚਲਾਉਣਾ ਅਤਿ ਜਰੂਰੀ ਹੈ। ਇਸ ਲਈ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਕਰਨ ਵਾਸਤੇ ਅਗਲੇ 5 ਸਾਲਾਂ ਦਾ ਤਖਮੀਨਾ ਸਥਾਨਕ ਸਰਕਾਰ ਪੰਜਾਬ ਦੇ ਓ.ਐਂਡ.ਐਮ ਦੇ ਨਾਰਜ ਅਨੁਸਾਰ ਰੁਪਏ 3,91,46,886/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਹਾਊਸ ਵੱਲੋਂ ਇਨ ਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 03.02.2020 ਰਾਹੀਂ ਦਿੱਤੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਇਹ ਤਖਮੀਨਾ ਰੁਪਏ 1.00 ਕਰੋੜ ਤੋਂ ਵੱਧ ਦਾ ਹੋਣ ਕਾਰਨ ਸਥਾਨਕ ਸਰਕਾਰ ਦੇ ਐਸ.ਓ.ਪੀ ਅਨੁਸਾਰ ਇਸ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਕੋਲੋਂ ਲੈਣੀ ਜਰੂਰੀ ਹੁੰਦੀ ਹੈ। ਇਸ ਤਖਮੀਨੇ ਨੂੰ ਵੈਟ ਕਰਨ ਵਾਸਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਜੀ ਦੇ ਪੱਤਰ ਨੰ: 33/SPL/O&M/MCJ dt 02.05.2020 ਰਾਹੀਂ ਭੇਜਿਆ ਗਿਆ, ਜਿਸ ਨੂੰ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਦੇ ਪੱਤਰ ਨੰ: ਸੀ.ਈ-2020/22252 ਮਿਤੀ 15.06.2020 ਰਾਹੀਂ ਇਸ ਨਗਰ ਨਿਗਮ ਜਲੰਧਰ ਨੂੰ ਤਖਮੀਨਾ ਰੁਪਏ 3,91,46,886/- ਦੇ ਵਿਰੁੱਧ ਰੁਪਏ 3,18,63,259/- ਵੈਟ ਕਰਕੇ ਭੇਜਿਆ ਗਿਆ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾ ਤੋ ਮਿਤੀ 18.09.2020 ਰਾਹੀਂ ਮੰਗੇ ਗਏ, ਪਰੰਤੂ ਇਕ ਟੈਂਡਰ ਪ੍ਰਾਪਤ ਹੋਇਆ, ਪਰੰਤੂ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ 3 ਤੋ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਇਸ ਕੰਮ ਦੇ ਟੈਂਡਰ ਨੂੰ ਰਿ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 07.10.2020 ਰਾਹੀਂ ਮੰਗੇ ਗਏ, ਕੇਵਲ ਇਕ ਟੈਂਡਰ ਪ੍ਰਾਪਤ ਹੋਇਆ, ਇਥੇ ਇਹ ਦਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/82/2018-2lg4/702 dt 01.04.2020 ਰਾਹੀਂ Amendment in SOP for execution of all types of Works ਵਿੱਚ ਸੋਧ ਕੀਤੀ ਗਈ, ਜਿਸ ਅਨੁਸਾਰ

"<u>As per Point no 5.4 on Sr. no 5 on 2nd Attempt of Calling Tenders, the Financial bids shall be opened in case,even if, less than 3 valid Technical bids are again received</u>" ਹੁਕਮ ਜਾਰੀ ਕੀਤੇ ਗਏ। ਇਹਨਾ ਹੁਕਮ ਅਨੁਸਾਰ ਇਸ ਕੰਮ ਦੇ ਟੈਂਡਰ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਨੂੰ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖੀਆ ਗਈਆ, ਜੋ ਕਿ ਤਕਨੀਕੀ ਮਿਆਰ ਪਖੋ ਪੂਰਾ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ। ਇਸ ਤਖਮੀਨੇ ਦੇ ਵਿੱਤੀ ਬਿਡ ਦੀ ਅੰਤਿਮ ਪ੍ਰਵਾਨਗੀ ਵਾਸਤੇ ਇਹ ਕੇਸ ਇੰਜੀਨੀਅਰ-ਇੰਨ ਚੀਫ ਸਥਾਨਕ ਸਰਕਾਰ ਵਿਭਾਗ ਨੂੰ ਨਿਗਰਾਨ ਇੰਜੀਨਿਅਰ (ਓ.ਐਂਡ.ਐਮ) ਦੇ ਪੱਤਰ ਨੰ: 438/CE/WS/G dt 11.11.2020 ਅਤੇ 450/CE/WS/G dt 20.11.2020 ਰਾਹੀਂ ਭੇਜੀ ਗਈ। ਇਸ ਤਖਮੀਨੇ ਦੀ ਵਿੱਤੀ ਬਿਡ ਦੀ ਪ੍ਰਵਾਨਗੀ ਇੰਜੀਨੀਅਰ- ਇੰਨ ਚੀਫ ਸਥਾਨਕ ਸਰਕਾਰ ਵਿਭਾਗ ਵੱਲੋਂ ਅਪਣੇ ਪੱਤਰ ਨੰ: EIC-2020/46391 dt 20.11.2020 ਰਾਹੀਂ ਦਿੱਤੀ ਗਈ। ਇਸ ਅਨੁਸਾਰ ਅਜੰਸੀ ਵੱਲੋਂ ਰੁਪਏ 3,18,63,259/- ਦੇ ਵਿਰੁੱਧ 9% ਦੀ ਸੇਵਿੰਗ ਨਾਲ ਰੁਪਏ 2,89,95,565/- ਵਿੱਚ ਕੰਮ ਕਰੇਗੀ।

ਹਵਾਲੇ ਅਧੀਨ ਮਤੇ ਰਾਹੀਂ ਇਹ ਮੱਦ ਲੰਬਿਤ ਰੱਖੀ ਗਈ ਸੀ । ਨਿਗਰਾਨ ਇੰਜੀਨਿਅਰ (ਓ ਐਂਡ ਐ) ਨੇ ਮਿਤੀ 30.12.2020 ਰਾਹੀਂ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਕੰਮ ਮਿਤੀ 31.12.2020 ਨੂੰ ਖ਼ਤਮ ਹੋ ਰਿਹਾ ਹੈ । ਇਸ ਲਈ ਇਸ ਕੰਮ ਦੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਜਾਵੇ ਜੀ ।ਮਾਨਯੋਗ ਮੇਅਰ ਜੀ ਨੇ ਮਿਤੀ 30.12.2020 ਰਾਹੀਂ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਟੈਂਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 358

Subject : Deployment of Labour/Mali on outsource basis for Horticulture Branch for One Year.

| | |
|---|---|
| ਤਖਮੀਨਾ ਰੁ : 52,50,000/- | ਸੋਧਿਆ ਤਖਮੀਨਾ ਰੁ : 49,89,456/- |
| ਸੋਧੀ ਟੈਂਡਰ ਰਕਮ | ਰੁ : 49,62,990/- |
| ਸੇਵਿੰਗ ਆਨ ਕੰਟਰੈਕਟਰ ਪ੍ਰੋਫਿਟ | ( 28.80%) ਸੋਧੇ ਹੋਏ ਤਖਮੀਨੇ ਦੀ ਕੰਟਰੈਕਟ ਪ੍ਰੋਫਿਟ ਉਪਰ) |
| ਫਰਮ/ਏਜੰਸੀ ਦਾ ਨਾਮ | ਮੈਸਰਜ ਐਸ.ਐਸ.ਸਰਵਸਿਸ ਪ੍ਰੋਵਾਈਡਰਸ |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਬਾਗਬਾਨੀ ਸ਼ਾਖਾ ਵਿੱਚ ਲੇਬਰ/ਮਾਲੀ ਕਰਮਚਾਰੀਆਂ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਨਿਗਮ ਦੇ ਬਜਟ ਵਿੱਚ ਮਾਲੀਆਂ ਦੀਆਂ ਪ੍ਰਵਾਨਿਤ ਅਸਾਮੀਆਂ ਦੇ ਵਿਰੁੱਧ ਕਾਫੀ ਸਮੇ ਤੋਂ ਆਊਟ ਸੋਰਸ ਰਾਹੀ ਕਰਮਚਾਰੀਆਂ ਨੂੰ ਰੱਖਿਆ ਜਾ ਰਿਹਾ ਹੈ।ਇਸੇ ਪ੍ਰਕਿਰਿਆ ਤਹਿਤ ਹੀ 40 ਲੇਬਰ/ਮਾਲੀ ਕਰਮਚਾਰੀਆਂ ਨੂੰ ਮੈਸਰਜ ਗ੍ਰੇਟਿਸ ਇੰਡੀਆਂ ਪ੍ਰਾਈਵੇਟ ਲਿਮਟਿਡ ਰਾਹੀ ਇੱਕ ਸਾਲ ਦੇ ਅਕਤੂਬਰ 2019 ਤੋਂ ਰੱਖਿਆ ਗਿਆ ਸੀ।ਸਰਕਾਰ ਦੁਆਰਾ ਇਹਨਾਂ ਆਊਟ ਸੋਰਸ ਕਰਮਚਾਰੀਆਂ ਨੂੰ ਮਿਤੀ : 30.09.2020 ਤੱਕ ਰੱਖਣ ਦੀ ਅੰਤਿਮ ਪ੍ਰਵਾਨਗੀ ਪ੍ਰਾਪਤ ਹੋਈ ਸੀ।ਇਸ ਮਿਆਂਦ ਨੂੰ ਖਤਮ ਹੋਣ ਨੂੰ ਧਿਆਨ ਵਿੱਚ ਰੱਖਦੇ ਹੋਏ ਬਾਗਬਾਨੀ ਸ਼ਾਖਾ ਵੱਲੋਂ ਆਊਟ ਸੋਰਸ ਰਾਹੀ 40 ਲੇਬਰ/ਮਾਲੀ ਕਰਮਚਾਰੀਆਂ ਨੂੰ ਮੁੜ ਤੋਂ ਇੱਕ ਸਾਲ ਦੇ ਰੱਖਣ ਦੇ ਵਾਸਤੇ ਰੁ : 52.50 ਲੱਖ ਦਾ ਤਖਮੀਨਾ ਤਿਆਰ ਕਰਨ ਉਪਰੰਤ ਮਾਨਯੋਗ ਮੇਅਰ ਜੀ ਵੱਲੋਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ : 26.08.2020 ਰਾਹੀ ਮੰਜੂਰ ਕੀਤਾ ਗਿਆ।ਇਸ ਕੰਮ ਦੇ ਟੈਂਡਰ ਲਈ ਨੰ : ਐਸ.ਈ.(ਬੀ.ਐਂਡ.ਆਰ.)/ਐਨ.ਆਈ.ਟੀ-762 ਮਿਤੀ : 762 ਰਾਹੀ ਟੈਂਡਰ ਕਾਲ ਕੀਤੇ ਗਏ ਸਨ ਅਤੇ ਕੁੱਲ 03 ਟੈਂਡਰ ਪ੍ਰਾਪਤ ਹੋਏ।ਇਹਨਾਂ ਟੈਂਡਰਾਂ ਵਿੱਚੋਂ ਸਭ ਤੋਂ ਘੱਟ ਰੇਟ ਦਾ ਟੈਂਡਰ ਮੈਸਰਜ ਐਸ.ਐਸ.ਸਰਵਸਿਸ ਪ੍ਰੋਵਾਈਡਰਸ ਦਾ ਵਸੂਲ ਪਾਇਆ ਗਿਆ।ਮਾਨਯੋਗ ਹਾਊਸ ਦੇ ਮਤਾ ਨੰ : 95 ਮਿਤੀ : 01.12.2020 ਰਾਹੀ ਇਸ ਤਖਮੀਨੇ ਨੂੰ ਅੰਤਿਮ ਪ੍ਰਵਾਨਗੀ ਦਿੱਤੀ ਗਈ।

ਉਪਰੋਕਤ ਟੈਡਰਿੰਗ ਪ੍ਰੋਸੈਸ ਮੁਕੰਮਲ ਹੋਣ ਉਪਰੰਤ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਸ ਕੰਮ ਦੀ ਤਖਮੀਨਾ ਰਕਮ 50.00 ਲੱਖ ਤੋਂ ਵੱਧ ਹੋਣ ਕਾਰਣ ਮੁੱਖ ਇੰਜੀਨੀਅਰ, ਚੰਡੀਗੜ੍ਹ ਜੀ ਨੂੰ ਇਸ ਕੰਮ ਦੀ ਤੁਲਨਾਤਮਕ ਸੂਚੀ ਵੈਟ ਕਰਨ ਹਿੱਤ ਪੱਤਰ ਨੰ : ਐਸ.ਈ(ਬੀ.ਐਂਡ.ਆਰ.)ਡੀ/375 ਮਿਤੀ : 15.10.2020 ਰਾਹੀ ਕੰਮ ਦੀ ਮਿਸਲ ਭੇਜੀ ਗਈ।ਮੁੱਖ ਇੰਜੀਨੀਅਰ ਜੀ ਵੱਲੋਂ ਪੱਤਰ ਨੰ : -2020/49791 ਮਿਤੀ : 09.12.2020 ਰਾਹੀ ਇਸ ਕੰਮ ਦੀ ਤੁਲਨਾਤਮਕ ਸੂਚੀ ਵੈਟ ਕਰਕੇ ਸ਼ਰਤਾਂ ਦੇ ਅਧਾਰ ਤੇ ਸਬਧੰਤ ਫਰਮ/ਏਜੰਸੀ ਨੂੰ ਵਰਕ ਆਰਡਰ ਜਾਰੀ ਕਰਨ ਦੀ ਸਹਿਮਤੀ ਦਿੱਤੀ ਗਈ ਹੈ ਅਤੇ ਇਹਨਾਂ ਸ਼ਰਤਾਂ ਅਨੁਸਾਰ ਇਸ ਕੰਮ ਦੇ ਤਖਮੀਨੇ ਰਕਮ ਵਿੱਚੋ ਹੇਠ ਲਿਖੇ ਅਨੁਸਾਰ 2 ਜਰੂਰੀ ਸੋਧ ਕਰਕੇ ਹੀ ਵਰਕ ਆਰਡਰ ਜਾਰੀ ਕਰਨ ਦੀ ਸ਼ਰਤ ਰੱਖੀ ਗਈ ਹੈ।

- ਪਹਿਲੀ ਸ਼ਰਤ ਇਹ ਹੈ ਕਿ ਇਸ ਤਖਮੀਨੇ ਵਿੱਚ minimum wages ਦਾ ਰੇਟ ਮਿਤੀ : 01.03.2020 ਦਾ ਲਗਾਇਆ ਗਿਆ ਹੈ, ਜੋ ਕਿ ਸਰਕਾਰ ਵੱਲੋਂ ਰੱਦ ਕਰ ਲਿਆ ਗਿਆ ਸੀ।ਇਸ ਲਈ minimum wages ਦਾ ਰੇਟ ਮਿਤੀ : 01.09.2019 ਦਾ ਲਗਾਉਣ ਉਪਰੰਤ ਤਖਮੀਨਾ ਸੋਧ ਕਰਕੇ ਵਰਕ ਆਰਡਰ ਜਾਰੀ ਕੀਤਾ ਜਾਵੇ।
- ਦੂਸਰੀ ਸ਼ਰਤ ਤਖਮੀਨੇ ਵਿੱਚ ਈ.ਪੀ.ਐਫ. ਅਤੇ ਈ.ਐਸ.ਆਈ. ਤੇ ਕੰਟਰੈਕਟਰ ਪ੍ਰੋਫਿਟ 2.50% ਲਿਆ ਗਿਆ ਹੈ, ਜੋ ਕਿ ਲੈਣਾ ਨਹੀ ਬਣਦਾ ਇਸ ਨੂੰ ਹਟਾਉਦੇ ਹੋਏ ਤਖਮੀਨਾ ਸੋਧਣ ਉਪਰੰਤ ਵਰਕ ਆਰਡਰ ਜਾਰੀ ਕੀਤਾ ਜਾਵੇ।

| | | |
|---|---|---|
| **Revised Estimate** | | |
| **Minimum Wages as per Labour Department of Punjab** | | |
| | **01.09.2019** | 8777 |
| **(A)** | **8777x40** | 351080 |
| **Deduction on (A) Employee Share of EPF 12% & ESI 0.75%** | | |
| | **As per (A)** | 351080 |
| **(-)** | **EPF 12%** | 42129 |
| **(-)** | **ESI 0.75%** | 2633 |
| **(B)** | **Salary Per Month (40 Labour / Gardeners)** | 306318 |
| **Employer Share of EPF & ESI** | | |
| **(C)** | **Employer EPF Share 13%** | 45640 |
| **(D)** | **Employer ESI Share 3.25%** | 11410 |
| **Total** | **A+C+D** | 408130 |
| **Contractor Profit 2.5% on Salary as per (B)** | | 7658 |
| **Total Estmate Amount for 1 Year 415788x12=** | | **4989456** |

ਉਪਰੋਕਤ ਦੋਨੋ ਸ਼ਰਤਾਂ ਸ਼ਰਤਾਂ ਦੇ ਅਧਾਰ ਤੇ ਤਖਮੀਨਾ ਸੋਧਣ ਉਪਰੰਤ ਰੁ: 49,89,456/- ਦਾ ਬਣਾਇਆ ਗਿਆ ਹੈ।ਇਸ ਕੰਮ ਦੇ ਅਸਲ ਤਖਮੀਨੇ ਦੀ ਰਕਮ ਰੁ: 52,50,000/- ਤੇ ਸਬਧੰਤ ਫਰਮ/ਏਜੰਸੀ ਵੱਲੋਂ ਟੈਂਡਰ ਵਿੱਚ ਕੰਨਟਰੈਟਰ ਪ੍ਰੋਫਿਟ ਤੇ 28.80% ਦੀ ਸੇਵਿੰਗ ਦਿੱਤੀ ਗਈ ਸੀ, ਜੋ ਕਿ ਹੋਣ ਸੋਧੇ ਹੋਏ ਤਖਮੀਨੇ ਦੀ ਰਕਮ ਰੁ : 49,89,456/-ਵਿੱਚ 2.50%

ਕੰਟਰੈਕਟਰ ਪ੍ਰੋਫਿਟ ਤੇ ਲਾਗੂ ਹੋਵੇਗੀ।ਇਸ ਤਰ੍ਹਾਂ ਕੰਟਰੈਕਟ ਪ੍ਰੋਫਿਟ 2.50% ਦੇ ਹਿਸਾਬ ਨਾਲ **7658x12=91896** ਦਾ ਬਣਦਾ ਹੈ ਅਤੇ ਸਬਧੰਤ ਫਰਮ/ਏਜੰਸੀ ਵੱਲੋਂ ਦਿੱਤੀ ਗਈ ਲੈਸ/ ਸੇਵਿੰਗ (28.80%) **91896/-** ਤੇ ਲਗਾਉਣ ਹੋਣ ਉਪਰੰਤ ਕੰਟਰੈਕਟ ਪ੍ਰੋਫਿਟ 91896-26466=65430/- ਬਣਦਾ ਹੈ।ਇਸ ਤਰ੍ਹਾਂ ਵੈਟਿੰਡ ਟੈਂਡਰ ਰਕਮ ਰੁ : 49,62,990/- ਦੇ ਅਧਾਰ ਤੇ ਮੈਸਰਜ ਐਸ.ਐਸ.ਸਰਵਿਸਸ ਪ੍ਰੋਵਾਈਡਰਸ ਨੂੰ ਕੰਮ ਲਈ ਵਰਕ ਆਰਡਰ ਮਿਤੀ : 09.12.2020 ਤੋਂ 12 ਮਹੀਨਿਆਂ ਦੇ ਲਈ ਜਾਰੀ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ।

ਉਪਰੋਕਤ ਤੋਂ ਇਲਾਵਾ ਦੱਸਣਯੋਗ ਹੈ ਕਿ ਮੈਸਰਜ ਗ੍ਰੇਟਿਸ ਇੰਡੀਆਂ ਪ੍ਰਾਈਵੇਟ ਲਿਮਟਿਡ ਕੰਪਨੀ ਰਾਹੀ ਪਹਿਲਾ ਤੋਂ ਕੰਮ ਕਰ ਰਹੇ 40 ਮਾਲੀਆਂ ਲਈ ਪੁਰਾਣੀ ਪਾਸ ਖਰਚ ਰਕਮ ਰੁ : 40.66 ਲੱਖ ਨੂੰ **10%** ਸੋਧ ਕਰਕੇ ਇਹਨਾਂ ਕਰਮਚਾਰੀਆਂ ਨੂੰ 30.10.2020 ਤੋਂ ਮਿਤੀ : 08.12.2020 ਤੱਕ ਕੀਤੇ ਗਏ ਕੰਮ ਦੇ ਬਦਲੇ ਤਨਖਾਹ ਦੀ ਅਦਾਇਗੀ ਕਰਨ ਸਬੰਧੀ ਮਾਮਲਾ ਉੱਚ-ਅਧਿਕਾਰੀਆਂ ਦੇ ਵਿਚਾਰ ਅਧੀਨ ਹੈ।ਮੈਸਰਜ ਐਸ.ਐਸ.ਸਰਵਸਿਸ ਪ੍ਰੋਵਾਈਡਰਸ ਵੱਲੋਂ ਵੀ ਜੁਬਾਨੀ ਤੌਰ ਤੇ ਪੁਰਾਣੀ ਆਊਟ ਸੋਰਸ ਕੰਪਨੀ ਦੇ 40 ਲੇਬਰ/ਮਾਲੀ ਕਰਮਚਾਰੀਆਂ ਨੂੰ ਹੀ ਇਸ ਦਫਤਰ ਦੀ ਬਾਗਬਾਨੀ ਸ਼ਾਖਾ ਨੂੰ ਮਿਤੀ : 09.12.2020 ਮੁੱਹਇਆ ਕਰਵਾਉਣ ਦੀ ਜੁਬਾਨੀ ਸਹਿਮਤੀ ਦਿੱਤੇ ਜਾਣ ਉਪਰੰਤ ਹੀ 40 ਲੇਬਰ/ ਮਾਲੀਆਂ ਵੱਲੋਂ ਬਾਗਬਾਨੀ ਸ਼ਾਖਾ ਵਿੱਚ ਕੰਮ ਕਰਨਾ ਜਾਰੀ ਰੱਖਿਆ ਗਿਆ ਹੈ ਜੀ। ਕਾਰਜਕਾਰੀ ਇੰਜੀਨੀਅਰ (ਬੀ ਐਂਡ ਆਰ) ਨੇ ਮਿਤੀ 9.12.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਬੀ ਐਂਡ ਆਰ) ਨੇ ਮਿਤੀ: 22.12.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 23.12.2020 ਰਾਹੀਂ ਤਨਖ਼ਾਹਾ ਦੇਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਟੈਂਡਰ ਨੂੰ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਨੇ ਮਿਤੀ 24.12.2020 ਰਾਹੀਂ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਟੈਂਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021

ਮਤਾ ਨੰ: 359

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਪੜ੍ਹਿਆ ਨੋਟ ਡਰਾਫਟਸਮੈਨ, ਟੈਂਡਰ ਸੈਲ, ਬੀ. ਐਂਡ ਆਰ. ਜਿਸ ਨਾਲ ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ (ਬੀ.ਐੱਂਡ ਆਰ.) ਨੇ ਸ਼ਿਫਾਰਸ਼ ਕੀਤੀ ਹੈ ਕਿ ਬੀ. ਐਂਡ ਆਰ. ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਜੋ ਟੈਂਡਰ ਲਗਾਏ ਗਏ ਸਨ ਉਹਨਾਂ ਵਿੱਚੋਂ ਹੇਠ ਲਿਖੇ ਅਨੁਸਾਰ ਟੈਂਡਰ ਪ੍ਰਾਪਤ ਕੀਤੇ ਗਏ ਹਨ:-

ਰੁਪਏ ਲੱਖਾਂ ਵਿੱਚ

| Sr. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|
| **Urban Environment Improvement Program-1** | | | | | | | | |
| 1 | Renovation of Shamshan Ghat Sofi Pind (G) | 5.00 | 5.00 | 0.01 | 5.00 | Daulatpuri Co-op L/C Society | 7 | 1 |
| **Urban Environment Improvement Program-II** | | | | | | | | |
| 2 | Const. of different CC streets in W.No.66 | 35.44 | 35.44 | 1.51 | 34.90 | Akash Govt. Contractor | 2 | 1 |
| 3 | Const. of road in BM PC near Imperial Suit Hotel, W.No.26 | 17.38 | 16.67 | 2.88 | 16.19 | Satish Aggarwal & Co. | 2 | 2 |
| 4 | Const. of CC flooring in streets in Muslim Colony, W.No.58 | 8.16 | 8.16 | 7.17 | 7.57 | Akash Govt. Contractor | 2 | 2 |
| 5 | Laying of BM PC in Residency Vihar, W.No.29 | 42.08 | 41.70 | 3.08 | 40.42 | Satish Aggarwal & Co. | 2 | 2 |
| 6 | Const. of road in SDBC from Shamshan Ghat Model Town to Boota Pind, W.No.31 | 16.16 | 15.23 | 1.22 | 15.04 | Rajiv Kumar Aggarwal | 2 | 1 |
| 7 | Const. of CC streets in Parbhat Nagar near Gazi Gulla, W.No.64 | 43.62 | 43.62 | 2.79 | 42.40 | Laxmi Co-op L/C Society | 2 | 1 |
| 8 | Laying of BM PC in Col. Kehar Singh Colony in village Khusropur (G) | 26.27 | 26.08 | 3.08 | 25.28 | Satish Aggarwal & Co. | 2 | 3 |
| 9 | P/L of SDBC at Sawan Nagar, W.No. 65 | 7.66 | 7.66 | 0.51 | 7.62 | Rajiv Kumar Aggarwal | 6 | 1 |
| 10 | P/L 25mm thick SDBC on roads in Seth Hukum Chand Colony, W.No. 70 | 5.62 | 5.62 | 0.52 | 5.59 | Rajiv Kumar Aggarwal | 2 | 1 |
| 11 | Const. of Stadium at Nangal Karar Khan (G) | 47.44 | 46.26 | 6.50 | 43.25 | Inderprast Co.op L/C Society | 1 | 4 |
| 12 | Const. of Lane in interlocking tile in Sudhama Vihar, W.No.30 | 13.69 | 13.69 | 33.12 | 9.16 | The Kundal Co-op L/C Society | 1 | 4 |
| 13 | Const. of Lane in interlocking tile in Garden Colony and adj.areas, W.No.30 | 21.27 | 21.27 | 31.35 | 14.60 | The Moga Co-op L/C Society | 1 | 5 |
| 14 | Const. of CC streets in new Colony Aman Nagar, W.No.61 | 40.05 | 40.05 | 9.09 | 36.41 | Akash Govt. Contractor | 2 | 3 |
| 15 | Const. of Stadium at Dhina (G) | 51.61 | 51.61 | 8.88 | 47.03 | The Dakoha Co-op L/C Society | 2 | 1 |
| 16 | Const. of Stadium at Khambra (G) | 46.26 | 46.26 | 8.88 | 42.15 | The Dakoha Co-op L/C Society | 2 | 2 |

| | | | | | | | | |
|---|---|---|---|---|---|---|---|---|
| 17 | Const. of Lane in interlocking tile in Green Model Town and adj.area, W.No.28 | 28.94 | 28.94 | 31.35 | 19.87 | The Moga Co-op L/C Society | 1 | 5 |
| 18 | P/L of WBM, BM & PC in Doordarshan Enclave (West Constituency), | 21.19 | 21.19 | 3.08 | 20.54 | Satish Aggarwal & Co. | 2 | 1 |

ਉਪਰੋਕਤ ਦਰਸਾਏ ਵਿਕਾਸ ਦੇ ਕੰਮ ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ ਕਰਵਾਏ ਜਾਣੇ ਹਨ। ਇਹਨਾਂ ਕੰਮਾਂ ਦੇ ਤਖਮੀਨਿਆਂ ਦੀ ਮਾਨਯੋਗ ਨਗਰ ਨਿਗਮ ਹਾਊਸ ਵਲੋਂ ਮੰਜੂਰੀ ਦਿੱਤੀ ਹੋਈ ਹੈ। ਇਹਨਾਂ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਲੋੜੀਂਦੀ ਹੈ। ਇਸ ਲਈ ਲੋਕ ਹਿੱਤ ਵਿੱਚ ਇਹਨਾਂ ਵਿਕਾਸ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਪ੍ਰਵਾਨਗੀ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 31.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 4.1.2021 ਰਾਹੀਂ ਟੈਂਡਰਾਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹਨ ਜੀ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

4.1.2021